**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./2017/ 1994 ਅਤਿ ਜਰੂਰੀ/ਸਮਾਂਬੱਧ ਮਿਤੀ: 27.7.17

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,

ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./(ਇਸਤਰੀਆਂ ਲਈ),

ਪੰਜਾਬ ਰਾਜ ਅਧੀਨ।

**ਵਿਸ਼ਾ: ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ (ਐਨ.ਸੀ.ਵੀ.ਟੀ. - ਸਮੈਸਟਰ ਸਿਸਟਮ)/ਐਮ. ਆਈ. ਐਸ. ਪੋਰਟਲ (MIS Portal)) ਸਿਖਿਆਰਥੀਆਂ ਦੇ ਪ੍ਰੀਖਿਆ ਜੁਲਾਈ-2017 ਨਾਲ ਸਬੰਧਤ ਪ੍ਰੈਕਟੀਕਲ ਮਾਰਕਸ Excel ਫਾਰਮਟ ਵਿੱਚ ਈਮੇਲ ਰਾਹੀਂ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ (ਐਨ.ਸੀ.ਵੀ.ਟੀ. - ਸਮੈਸਟਰ ਸਿਸਟਮ)/ਐਮ.ਆਈ. ਐਸ. ਪੋਰਟਲ (MIS Portal)) ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਸਬੰਧੀ Excel ਫਾਰਮਟ ਵਿੱਚ ਫਾਇਲਾਂ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧ ਵਿੱਚ ਸਮੂਹ ਸੰਸਥਾਵਾਂ ਨੂੰ ਹੇਠ ਲਿਖੇ ਅਨੁਸਾਰ ਇੰਨਬਿੰਨ ਪਾਲਣਾ ਹਿਤ ਹਦਾਇਤ ਕੀਤੀ ਜਾਂਦੀ ਹੈ:-

1. ਸੰਸਥਾ ਆਪਣੇ ਨਾਲ ਸਬੰਧਤ Excel ਫਾਇਲ ਬੋਰਡ ਦੀ ਵੈਬਸਾਇਟ www.punjabteched.com ਜਾਂ www.punjabteched.net ਤੋਂ ਡਾਊਨਲੋਡ ਕਰਕੇ ਇਸ ਫਾਇਲ ਵਿੱਚ ਅਪੀਅਰ ਹੋਣ ਵਾਲੇ ਯੋਗ ਵਿਦਿਆਰਥੀ ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ ਅਤੇ ਡੀ.ਜੀ.ਟੀ. ਨਵੀਂ ਦਿੱਲੀ ਵਲੋਂ ਜਾਰੀ exam roll list ਵਿੱਚ ਸਿਖਿਆਰਥੀ ਦਾ ਨਾਂ ਹੋਵੇ, ਦੇ ਪ੍ਰੈਕਟੀਕਲ ਮਾਰਕਸ ਹੀ ਭਰ ਕੇ ਭੇਜਣ।

2. ਸੰਸਥਾ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਸਿਰਫ ਐਨ.ਸੀ.ਵੀ.ਟੀ. (ਸਮੈਸਟਰ ਸਿਸਟਮ/ਐਮ.ਆਈ. ਐਸ. ਪੋਰਟਲ (MIS Portal)) ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ Excel ਫਾਇਲ ਵਿੱਚ ਐਂਟਰ ਕਰਕੇ ਮਿਤੀ:-1 ਅਗਸਤ 2017 ਤੱਕ ਹਰ ਹਾਲਤ ਵਿੱਚ ਬੋਰਡ ਦਫਤਰ ਦੀ ਈਮੇਲ ਆਈ.ਡੀ. reconciliation.fees@gmail.com ਤੇ Excel ਫਾਇਲਾਂ (Soft copy) ਭੇਜਣਾ ਯਕੀਨੀ ਬਣਾਏਗੀ।

3. Excel ਫਾਇਲ ਉਤੇ ਪ੍ਰੈਕਟੀਕਲ ਮਾਰਕਸ ਦੀ ਨਿਰਧਾਰਤ ਕਾਲਮ ਵਿੱਚ ਐਂਟਰੀ ਕਰਨ ਉਪਰੰਤ ਪ੍ਰਿੰਸੀਪਲ/ਸੁਪਰਡੰਟ ਵਲੋਂ ਖਾਸ ਧਿਆਨ ਰੱਖਿਆ ਜਾਵੇਗਾ ਕਿ ਸਬੰਧਤ ਕਾਲਮਾਂ ਵਿੱਚ ਪ੍ਰੈਕਟੀਕਲ ਮਾਰਕਸ ਐਂਟਰ

ਕਰਨ ਤੋਂ ਬਾਅਦ ਪ੍ਰੋਗਰਾਮੇ ਦੇ ਅਗਲੇ ਸਟੇਟਸ (Status) ਕਾਲਮ ਵਿੱਚ A (Absent) ਦੀ ਜਗ੍ਹਾਂ ਤੇ P (Present) ਕਰ ਦਿੱਤਾ ਜਾਵੇ। ਇਹ ਵੀ ਧਿਆਨ ਰੱਖਣਾ ਯਕੀਨੀ ਬਣਾਇਆ ਜਾਵੇ ਕਿ ਪ੍ਰੈਕਟੀਕਲ ਮਾਰਕਸ ਭਰਨ ਸਮੇਂ ਕੋਈ ਵੀ ਅਪੀਅਰ ਹੋਏ ਵਿਦਿਆਰਥੀ ਦਾ ਕਾਲਮ ਖਾਲੀ ਨਾਂ ਰਹੇ। ਜੇਕਰ ਕਿਸੇ ਵੀ ਵਿਦਿਆਰਥੀ ਦਾ ਪ੍ਰੈਕਟੀਕਲ ਮਾਰਕਸ ਦਾ ਕਾਲਮ ਖਾਲੀ ਰਹਿ ਜਾਂਦਾ ਹੈ ਤਾਂ ਉਸ ਨੂੰ Absent ਮੰਨਿਆ ਜਾਏਗਾ।

4. ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਸਿਰਫ ਐਨ.ਸੀ.ਵੀ.ਟੀ. (ਸਮੈਸਟਰ ਸਿਸਟਮ/ਐਮ.ਆਈ. ਐਸ. ਪੋਰਟਲ (MIS Portal)) ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਅਵਾਰਡ ਲਿਸਟਾਂ ਦੀ ਅਸਲ ਹਾਰਡ ਕਾਪੀ ਪ੍ਰੀਖਿਆ ਕੇਂਦਰ ਮਿਤੀ:-3 ਅਗਸਤ 2017 ਨੂੰ ਨੱਥੀ ਲਿਸਟ ਅਨੁਸਾਰ ਨੋਡਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੱਖਰੇ ਤੌਰ ਤੇ ਜਮ੍ਹਾਂ ਕਰਵਾਉਣੀ ਯਕੀਨੀ ਬਨਾਉਣਗੇ।

5. ਸੰਸਥਾਵਾਂ ਪ੍ਰੈਕਟੀਕਲ ਮਾਰਕਸ ਦੀ ਫੋਟੋਸਟੇਟ ਹਾਰਡ ਕਾਪੀ ਆਪਣੇ ਰਿਕਾਰਡ ਵਿੱਚ ਰੱਖਣਾ ਯਕੀਨੀ ਬਣਾਏਗੀ।

6. ਪ੍ਰਿੰਸੀਪਲ/ਸੰਸਥਾ ਮੁਖੀ ਅਤੇ ਸੁਪਰਡੰਟ ਪ੍ਰੀਖਿਆ ਮਾਰਕਸ ਐਂਟਰੀ ਦੇ ਕੰਮ ਦੀ ਗੁਪਤਤਾ ਨੂੰ ਯਕੀਨੀ ਬਨਾਉਣਗੇ ਅਤੇ ਆਪਣੀ ਸਿੱਧੀ ਦੇਖਰੇਖ ਹੇਠਾਂ ਕਰਵਾਉਣਗੇ। ਮਾਰਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤ ਐਂਟਰੀ/ਸਮੇਂ ਸਿਰ ਡਾਟਾ ਨਾਂ ਭੇਜਣ ਦੀ ਸੂਰਤ ਵਿੱਚ ਆਉਣ ਵਾਲੀਆਂ ਅੜਚਨਾਂ ਦੀ ਸਮੁੱਚੀ ਜ਼ਿੰਮੇਵਾਰੀ ਸੰਸਥਾ ਮੁਖੀ ਦੀ ਹੋਵੇਗੀ।

7. ਡਾਟਾ ਐਂਟਰੀ ਕਰਨ ਸਮੇਂ ਜੇਕਰ ਸੰਸਥਾ ਨੂੰ ਕੋਈ ਤਕਨੀਕੀ ਸਮੱਸਿਆ ਆਉਂਦੀ ਹੈ ਤਾਂ ਸੰਸਥਾ ਆਪਣੇ ਜ਼ਿਲ੍ਹੇ ਦੇ ਸਬੰਧਤ ਡੀਲਿੰਗ ਅਸਿਸਟੈਂਟ ਨਾਲ ਤੁਰੰਤ ਨਿਪਟਾਰੇ ਹਿਤ ਸੰਪਰਕ ਕਰੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

27.7.17

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਲਈ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਸਕੱਤਰ
2. ਸਿਸਟਮ ਐਡਮਨ.
3. ਐਡਮਿਨ ਸ਼ਾਖਾ

Sd/-
ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)
ਵਾਸਤੇ ਸਕੱਤਰ
**PSBTE**